www.a2zpapers.com

# 2316 70

## Class – BA-I

## Subject –Elective Punjabi

## Paper – B

**Time Allowed : 3 hrs.** **Maximum Marks : 100**

1. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦਾ ਉੱਤਰ ਲਿਖੋ:

(ੳ) ਆਧੁਨਿਕ ਪੰਜਾਬੀ ਕਵਿਤਾ ਦੇ ਤੀਜੇ ਪੜਾਅ ਦੀ ਕਵਿਤਾ ਉੱਪਰ ਵਿਚਾਰ ਕਰੋ।

(ਅ) ਪੰਜਾਬੀ ਨਾਵਲ ਦੇ ਨਿਕਾਸ ਤੇ ਵਿਕਾਸ ਸੰਬੰਧੀ ਦੱਸ ਕੇ ਪ੍ਰਮੁੱਖ ਨਾਵਲਕਾਰਾਂ ਬਾਰੇ ਸੰਖੇਪ ਜਾਣਕਾਰੀ ਦਿਉ।

(ੲ) ਆਧੁਨਿਕ ਪੰਜਾਬੀ ਨਾਟਕਕਾਰਾਂ ਬਾਰੇ ਜਾਣਕਾਰੀ ਦਿਉ।

(ਸ) ਆਧੁਨਿਕ ਕਾਲ ਦੇ ਪ੍ਰਮੁੱਖ ਨਿਬੰਧਕਾਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿਉ। 20+20=40

2. ਆਪਣੇ ਰਾਜ ਦੇ ਸਿੱਖਿਆ ਮੰਤਰੀ ਨੂੰ ਆਪਣੇ ਪਿੰਡ ਵਿਚ ਕੁੜੀਆਂ ਦੀ ਉੱਚ ਪੜ੍ਹਾਈ ਲਈ ਇੱਕ ਕਾਲਜ ਖੋਲਣ ਲਈ ਪੱਤਰ ਲਿਖੋ।

ਜਾਂ

ਆਪਣੇ ਭਰਾ ਨੂੰ ਪੱਤਰ ਲਿਖ ਕੇ ਮਾਤ-ਭਾਸ਼ਾ ਪੰਜਾਬੀ ਦਾ ਮਹੱਤਵ ਦੱਸੋ ਅਤੇ ਉਸਨੂੰ ਕਹੋ ਕਿ ਉਹ ਤੁਹਾਨੂੰ ਏਸੇ ਭਾਸ਼ਾ ਵਿਚ ਚਿੱਠੀ ਲਿਖਿਆ ਕਰੇ। 10

(ਅ) ਹੇਠ ਲਿਖੇ ਸੰਕਲਪਾਂ ਵਿਚੋਂ ਕਿਸੇ ਦੋ ਤੇ ਨੋਟ ਲਿਖੋ।

ਸਾਧਾਰਨੀਕਰਨ, ਰਸ, ਅਲੰਕਾਰ, ਅਭਿਧਾ 10

3. (ੳ) ਨਾਟਕ ਜਾਂ ਕਹਾਣੀ ਦੀ ਪਰਿਭਾਸ਼ਾ, ਪ੍ਰਕਿਰਤੀ ਤੇ ਤੱਤਾਂ ਤੇ ਨੋਟ ਲਿਖੋ। 10

(ਅ) ਗੀਤ ਜਾਂ ਗ਼ਜ਼ਲ ਦੇ ਤੱਤਾਂ ਤੇ ਨੋਟ ਲਿਖੋ। 5

4. (ੳ) ਵਿਹਾਰਕ ਭਾਸ਼ਾ ਜਾਂ ਕਾਵਿ ਭਾਸ਼ਾ ਦੀ ਪਰਿਭਾਸ਼ਾ ਤੇ ਪ੍ਰਕਿਰਤੀ ਬਾਰੇ



www.a2zpapers.com

www.a2zpapers.com

ਲਿਖੋ। 5

(ਅ) ਪੰਜ ਸ਼ਬਦਾਂ ਨੂੰ ਇਸ ਤਰ੍ਹਾਂ ਵਾਕਾਂ ਵਿਚ ਵਰਤੋ ਕਿ ਉਨ੍ਹਾਂ ਦੇ ਇੱਕ ਤੋਂ ਵਧੇਰੇ ਅਰਥ ਸਪਸ਼ਟ ਹੋ ਜਾਣ।

ਛਾਪਾ, ਟਿੱਕਾ, ਖੱਟੀ, ਹਾਰ, ਪੱਕਾ, ਲੜ। 5

(ੲ) ਕਿਸੇ ਪੰਜ ਸ਼ਬਦਾਂ ਦੇ ਵਿਰੋਧਾਰਥਕ ਸ਼ਬਦ ਲਿਖੋ:

ਦੇਸ, ਉਲਟਾ, ਅਖੀਰਲਾ, ਹੰਕਾਰ, ਸ਼ਰਮ, ਅਜ਼ਾਦੀ। 5

(ਸ) ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ:

ਕਿਉਂ ਬੇਟਾ ਨੂੰ ਰੋਟੀ ਖਾਏਂਗੀ ਮਾਂ ਨੇ ਪਿਆਰ ਨਾਲ ਪੁੱਛਿਆ ਮਮਤਾ ਨੇ ਉੱਤਰ ਦਿੱਤਾ ਨਹੀਂ ਮਾਂ ਅੱਜ ਮੇਰੀ ਸਿਹਤ ਠੀਕ ਨਹੀਂ ਕਿਉਂ ਕੀ ਗੱਲ ਹੈ ਮਾਂ ਨੇ ਪਰੇਸ਼ਾਨ ਜਿਹੇ ਹੋ ਕੇ ਪੁੱਛਿਆ ਮਮਤਾ ਨੇ ਦੱਸਿਆ ਮੇਰੇ ਪੇਟ ਵਿੱਚ ਥੋੜ੍ਹਾ-ਥੋੜ੍ਹਾ ਦਰਦ ਹੈ ਇਸ ਲਈ ਰੋਟੀ ਖਾਣ ਨੂੰ ਜੀਅ ਨਹੀਂ ਕਰਦਾ। 5

(ਹ) ਹੇਠ ਲਿਖਿਆਂ ਵਿਚੋਂ ਕਿਸੇ ਪੰਜ ਦੇ ਸ਼ਬਦ-ਜੋੜ ਠੀਕ ਕਰਕੇ ਲਿਖੋ:

ਚਿੰਨ੍ਹ, ਔਜ਼ਾਰ, ਜੇਹੜਾ, ਮਾਨਸਕ, ਚਾਲਾਕ, ਚਾਹਿਦਾ। 5

******



www.a2zpapers.com